# ਕੰਮ 'ਤੇ ਨਸਲੀ ਵਿਤਕਰਾ: ਮੇਰੇ ਅਧਿਕਾਰ ਕੀ ਹਨ?

ਇੱਕ ਕਰਮਚਾਰੀ ਹੋਣ ਦੇ ਨਾਤੇ, ਤੁਸੀਂ *ਬਰਾਬਰ ਮੌਕਿਆਂ ਦੇ ਕਾਨੂੰਨ 2010* (ਵਿਕਟੋਰੀਆ) ਦੇ ਅਧੀਨ ਨਸਲੀ ਵਿਤਕਰੇ ਤੋਂ ਸੁਰੱਖਿਅਤ ਹੋ।

ਬਰਾਬਰ ਮੌਕਿਆਂ ਦੇ ਕਾਨੂੰਨ ਦੇ ਅਧੀਨ, ਕਰਮਚਾਰੀਆਂ ਨਾਲ ਉਨ੍ਹਾਂ ਦੀ ਨਸਲ ਦੇ ਆਧਾਰ 'ਤੇ ਵਿਤਕਰਾ ਕਰਨਾ ਗੈਰ-ਕਾਨੂੰਨੀ ਹੈ। ਇਸ ਵਿੱਚ ਉਹਨਾਂ ਦੀ ਚਮੜੀ ਦਾ ਰੰਗ, ਕੁਲ ਜਾਂ ਵੰਸ਼, ਕੌਮੀਅਤ, ਨਸਲੀ ਪਿਛੋਕੜ, ਜਾਂ ਕਿਸੇ ਖ਼ਾਸ ਨਸਲ ਨਾਲ ਸਬੰਧਿਤ ਕੋਈ ਵੀ ਵਿਸ਼ੇਸ਼ਤਾਵਾਂ ਸ਼ਾਮਲ ਹਨ (ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ)।

*ਨਸਲੀ ਅਤੇ ਧਾਰਮਿਕ ਸਹਿਣਸ਼ੀਲਤਾ ਕਾਨੂੰਨ 2001* (ਵਿਕਟੋਰੀਆ), ਦੇ ਅਧੀਨ ਬਦਨਾਮੀ - ਧਰਮ ਅਤੇ/ਜਾਂ ਨਸਲ ਦੇ ਆਧਾਰ 'ਤੇ ਜਨਤਕ ਤੌਰ 'ਤੇ ਨਫ਼ਰਤ ਫ਼ੈਲਾਉਣਾ ਜਾਂ ਮਜ਼ਾਕ ਉਡਾਉਣਾ - ਵੀ ਗੈਰ-ਕਾਨੂੰਨੀ ਹੈ।

## ਕਰਮਚਾਰੀ ਨਸਲੀ ਵਿਤਕਰੇ ਤੋਂ ਕਿੱਥੇ ਸੁਰੱਖਿਅਤ ਹਨ?

ਬਰਾਬਰ ਮੌਕਿਆਂ ਦਾ ਕਾਨੂੰਨ ਰੁਜ਼ਗਾਰ ਸਮੇਤ ਜਨਤਕ ਜੀਵਨ ਦੇ ਮੁੱਖ ਖੇਤਰਾਂ ਵਿੱਚ ਲੋਕਾਂ ਦੀ ਵਿਤਕਰੇ ਤੋਂ ਰੱਖਿਆ ਕਰਦਾ ਹੈ। ਰੁਜ਼ਗਾਰ ਕਰਦੇ ਹੋਏ ਕਿਸੇ ਵੀ ਸਮੇਂ ਕਿਸੇ ਵੀ ਉਦਯੋਗ ਜਾਂ ਸੰਸਥਾ ਵਿੱਚ ਨਸਲੀ ਵਿਤਕਰਾ ਹੋ ਸਕਦਾ ਹੈ।

ਕਰਮਚਾਰੀ (ਭੁਗਤਾਨ ਕੀਤਾ ਅਮਲਾ, ਭੁਗਤਾਨ ਪ੍ਰਾਪਤ ਕਰਦੇ ਸਿਖਲਾਈ ਲੈਣ ਵਾਲੇ ਅਤੇ ਨੌਕਰੀ ਦੇ ਬਿਨੈਕਾਰਾਂ ਸਮੇਤ) ਅਤੇ ਠੇਕੇਦਾਰ ਸੁਰੱਖਿਅਤ ਹਨ:

- ਕੰਮ ਉੱਤੇ
- ਸਾਂਝੀਆਂ ਥਾਵਾਂ (ਕਾਰਪਾਰਕਾਂ, ਲਿਫਟਾਂ, ਰਿਸੈਪਸ਼ਨ ਖੇਤਰਾਂ ਅਤੇ ਗੁਸਲਖਾਨਿਆਂ) ਵਿੱਚ
- ਕੰਮ ਨਾਲ ਸਬੰਧਿਤ ਸਮਾਗਮਾਂ, ਮੀਟਿੰਗਾਂ ਅਤੇ ਹਾਲਾਤਾਂ ਦੌਰਾਨ (ਉਦਾਹਰਨ ਲਈ, ਪਾਰਟੀ ਜਾਂ ਕੰਮ ਲਈ ਯਾਤਰਾ)
- ਔਨਲਾਈਨ ਜਗ੍ਹਾਵਾਂ ਵਿੱਚ।

## ਕੰਮ ਵਾਲੀ ਥਾਂ 'ਤੇ ਨਸਲੀ ਵਿਤਕਰਾ, ਬਦਨਾਮੀ ਅਤੇ ਮਿਥ ਕੇ ਬਦਸਲੂਕੀ ਕਿਹੋ ਜਿਹੀ ਦਿਖਾਈ ਦਿੰਦੀ ਹੈ?

ਬਰਾਬਰ ਮੌਕਿਆਂ ਵਾਲਾ ਕਾਨੂੰਨ ਕੰਮ ਵਾਲੀ ਜਗ੍ਹਾ ਵਿੱਚ ਭੇਦਭਾਵ ਦੀ ਮਨਾਹੀ ਕਰਦਾ ਹੈ। ਇਸ ਵਿੱਚ ਰੁਜ਼ਗਾਰਦਾਤਿਆਂ ਅਤੇ ਹੋਰ ਕਰਮਚਾਰੀਆਂ ਦੁਆਰਾ ਕੀਤਾ ਜਾ ਰਿਹਾ ਨਸਲੀ ਵਿਤਕਰਾ ਸ਼ਾਮਲ ਹੈ। ਉਦਾਹਰਨਾਂ ਵਿੱਚ ਲੋਕਾਂ ਵਿਚਕਾਰ ਨਸਲਵਾਦ (ਸਪੱਸ਼ਟ ਅਤੇ ਸੂਖਮ ਦੋਵੇਂ ਰੂਪਾਂ ਵਿੱਚ), ਛੋਟੇ-ਛੋਟੇ ਹਮਲੇ, ਸੰਗਠਨਾਤਮਕ ਪੱਖਪਾਤ, ਅਤੇ ਸਭਿਆਚਾਰਕ ਲੋੜਾਂ ਪ੍ਰਤੀ ਦੁਸ਼ਮਣੀ ਸ਼ਾਮਲ ਹੋ ਸਕਦੀ ਹੈ।

- **ਨਸਲੀ ਵਿਤਕਰੇ** ਸਿੱਧੇ ਅਤੇ ਅਸਿੱਧੇ ਦੋਵੇਂ ਹੋ ਸਕਦੇ ਹਨ।

  **ਸਿੱਧਾ ਨਸਲੀ ਵਿਤਕਰਾ** ਉਹ ਹੈ ਜਿੱਥੇ ਕੋਈ ਵਿਅਕਤੀ ਕਿਸੇ ਹੋਰ ਵਿਅਕਤੀ ਨਾਲ ਉਸਦੀ ਨਸਲ ਦੇ ਕਾਰਨ ਗਲਤ ਵਿਵਹਾਰ ਕਰਦਾ ਹੈ।

  > ***ਉਦਾਹਰਣ ਲਈ:*** *ਰੁਜ਼ਗਾਰਦਾਤਾ ਆਪਣੇ ਹੁਨਰਾਂ ਜਾਂ ਕੰਮ ਦੀ ਨੈਤਿਕਤਾ ਬਾਰੇ ਨਕਾਰਾਤਮਕ ਅਤੇ ਗਲਤ ਧਾਰਨਾਵਾਂ ਦੇ ਕਾਰਨ ਇੱਕ ਆਦਿ-ਕਾਲ ਤੋਂ ਰਹਿੰਦੇ ਲੋਕਾਂ (ਫ਼ਸਟ ਪੀਪਲਜ਼) ਦੇ ਬਿਨੈਕਾਰ ਦੀ ਅਰਜ਼ੀ ਨੂੰ ਸਵੀਕਾਰ ਕਰਨ ਜਾਂ ਤਰੱਕੀ ਕਰਨ ਤੋਂ ਇਨਕਾਰ ਕਰਦਾ ਹੈ।*

  **ਅਸਿੱਧੇ ਨਸਲੀ ਵਿਤਕਰਾ** ਇਹ ਉਦੋਂ ਹੁੰਦਾ ਹੈ ਜਦੋਂ ਕੰਮ ਵਾਲੀ ਥਾਂ ਵਿੱਚ ਕੋਈ ਗੈਰ-ਵਾਜਬ ਲੋੜ, ਨੀਤੀ ਜਾਂ ਅਭਿਆਸ ਹੁੰਦਾ ਹੈ ਜੋ ਕਰਮਚਾਰੀਆਂ ਨੂੰ ਉਨ੍ਹਾਂ ਦੀ ਨਸਲ ਦੇ ਕਾਰਨ ਨੁਕਸਾਨ ਪਹੁੰਚਾਉਂਦਾ ਹੈ ਜਾਂ ਗਲਤ ਢੰਗ ਨਾਲ ਪ੍ਰਭਾਵਿਤ ਕਰਦਾ ਹੈ।

  > ***ਉਦਾਹਰਣ ਲਈ:*** *ਇੱਕ ਕੰਪਨੀ ਸਾਰੇ ਕਰਮਚਾਰੀਆਂ ਲਈ ਪਹਿਨਾਵੇ ਦਾ ਕੋਡ ਮਿਥਦੀ ਹੈ ਅਤੇ ਲਾਗੂ ਕਰਦੀ ਹੈ ਜੋ ਕਰਮਚਾਰੀਆਂ ਨੂੰ ਕੰਮ 'ਤੇ ਸਿਰ ਉਪਰ ਕਿਸੇ ਵੀ ਕੱਪੜੇ ਨੂੰ ਪਹਿਨਣ 'ਤੇ ਪਾਬੰਦੀ ਲਗਾਉਂਦਾ ਹੈ, ਜੋ ਉਹਨਾਂ ਕਰਮਚਾਰੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਜੋ ਆਪਣੇ ਸਿਰ 'ਤੇ ਧਾਰਮਿਕ ਜਾਂ ਸਭਿਆਚਾਰਕ ਮਹੱਤਵ ਵਾਲੇ ਕੱਪੜੇ ਪਹਿਨਦੇ ਹਨ।*

- **ਬਦਨਾਮੀ** ਜਨਤਕ ਵਿਵਹਾਰ ਹੈ ਜੋ ਦੂਜਿਆਂ ਨੂੰ ਉਹਨਾਂ ਦੀ ਨਸਲ ਜਾਂ ਧਰਮ ਦੇ ਅਧਾਰ ਤੇ ਕਿਸੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਪ੍ਰਤੀ ਨਫ਼ਰਤ ਫ਼ੈਲਾਉਣ ਜਾਂ ਮਖੌਲ ਉਡਾਉਣ ਲਈ ਉਤਸ਼ਾਹਿਤ ਕਰਦਾ ਹੈ। ਬਦਨਾਮੀ ਅਤੇ ਨਸਲੀ ਵਿਤਕਰੇ ਵਿੱਚ ਅੰਤਰ ਨੂੰ ਸਮਝਣ ਲਈ, ਸਾਡੀ ***ਗਾਈਡਲਾਈਨ: ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰਾ***ਵਿੱਚ 'ਅਧਿਆਇ 3: ਕੰਮ ਵਾਲੀ ਥਾਂ ਵਿੱਚ ਨਸਲਵਾਦ ਬਾਰੇ ਕਾਨੂੰਨ ਨੂੰ ਸਮਝਣਾ' ਦੇਖੋ।

  > ***ਉਦਾਹਰਣ ਲਈ:*** *ਇੱਕ ਕਰਮਚਾਰੀ ਨਾਲ ਕੰਮ ਕਰਨ ਵਾਲੇ ਸਾਥੀ 'ਤੇ ਉਸ ਦੀ ਨਸਲ ਦੇ ਕਾਰਨ 'ਵਿਦੇਸ਼ੀ ਏਜੰਟ' ਹੋਣ ਦਾ ਦੋਸ਼ ਲਾਉਂਦਾ ਹੈ ਅਤੇ 'ਉਦਯੋਗ ਦੇ ਭੇਦ ਆਪਣੀ ਸਰਕਾਰ ਨੂੰ ਦੇਣ ਲਈ ਪ੍ਰਾਪਤ ਕਰ ਰਿਹਾ ਹੈ' ਅਤੇ ਸਹਿ-ਕਰਮਚਾਰੀਆਂ ਨੂੰ ਇੱਕੋ ਨਸਲੀ ਪਿਛੋਕੜ ਵਾਲੇ ਸਾਰੇ ਲੋਕਾਂ ਨੂੰ ਨਫ਼ਰਤ ਕਰਨ ਲਈ ਉਤਸ਼ਾਹਿਤ ਕਰਦਾ ਹੈ।*

- **ਵਿਤਕਰੇ ਵਾਲਾ ਸਲੂਕ** ਜਿੱਥੇ ਕਿਸੇ ਕਰਮਚਾਰੀ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ ਕਿਉਂਕਿ ਉਹਨਾਂ ਨੇ ਕੋਈ ਮੁੱਦਾ ਉਠਾਇਆ ਹੈ ਜਾਂ ਕਥਿਤ ਨਸਲੀ ਵਿਤਕਰੇ ਜਾਂ ਨਸਲਵਾਦ ਜਾਂ ਹੋਰ ਗੈਰ-ਕਾਨੂੰਨੀ ਆਚਰਣ ਦੀ ਸ਼ਿਕਾਇਤ ਕੀਤੀ ਹੈ।

  > ***ਉਦਾਹਰਣ ਲਈ:*** *ਇੱਕ ਕਰਮਚਾਰੀ ਜਿਸਨੇ ਆਪਣੇ ਮੈਨੇਜਰ ਨੂੰ ਗੱਲਬਾਤ ਵਿੱਚ ਨਸਲੀ ਗਾਲੀ-ਗਲੋਚ ਦੀ ਵਰਤੋਂ ਕਰਨ ਵਾਲੀ ਰਿਪੋਰਟ ਕੀਤੀ, ਫਿਰ ਉਸ ਨੂੰ ਗਲਤ ਤਰੀਕੇ ਨਾਲ ਬਰਖਾਸਤ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਸਨੇ ਨਸਲੀ ਵਿਤਕਰੇ ਦੀ ਘਟਨਾ ਦੀ ਰਿਪੋਰਟ ਕਰਨ ਦੀ ਕੋਸ਼ਿਸ਼ ਕੀਤੀ ਸੀ।*

## ਜੇ ਮੈਂ ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰੇ ਦਾ ਅਨੁਭਵ ਕੀਤਾ ਹੈ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜੇਕਰ ਤੁਹਾਨੂੰ ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰੇ ਜਾਂ ਬਦਨਾਮੀ ਦਾ ਅਨੁਭਵ ਹੋਇਆ ਹੈ, ਤਾਂ ਤੁਸੀਂ ਜਾਣਕਾਰੀ ਲਈ ਜਾਂ ਸ਼ਿਕਾਇਤ ਦਰਜ ਕਰਵਾਉਣ ਲਈ ਵਿਕਟੋਰੀਆ ਦੇ ਬਰਾਬਰ ਮੌਕਿਆਂ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ।

ਕਮਿਸ਼ਨ ਕੋਲ ਗੁਪਤ ਇੰਟਰਐਕਟਿਵ ਰਿਪੋਰਟ ਕਰਨ ਵਾਲੀ ਨਸਲਵਾਦ ਚੈਟਬੋਟ ਵੀ ਹੈ ਜੋ ਤੁਹਾਡੇ ਅਧਿਕਾਰਾਂ ਨੂੰ ਸਮਝਣ ਅਤੇ ਨਸਲੀ ਵਿਤਕਰੇ ਅਤੇ ਬਦਨਾਮੀ ਦੀ ਰਿਪੋਰਟ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

ਤੁਸੀਂ ਕਮਿਸ਼ਨ ਦੀ ਮੁਫਤ ਜਾਂਚ ਲਾਈਨ ਨੂੰ 1300 292 153 'ਤੇ ਫ਼ੋਨ ਕਰ ਸਕਦੇ ਹੋ ਜਾਂ ਸਾਡੀ ਵੈੱਬਸਾਈਟ humanrights.vic.gov.au 'ਤੇ ਜਾ ਸਕਦੇ ਹੋ।

| ਹੋਰ ਸੰਸਥਾਵਾਂ ਜਿਨ੍ਹਾਂ ਨਾਲ ਤੁਸੀਂ ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ | |
|---|---|
| **ਵਿਕਟੋਰੀਆ ਕਾਨੂੰਨੀ ਸਹਾਇਤਾ** | ਨਸਲਵਾਦ, ਵਿਤਕਰੇ, ਪਰੇਸ਼ਾਨੀ, ਅਤੇ ਧੱਕੇਸ਼ਾਹੀ ਸਮੇਤ ਕਾਨੂੰਨੀ ਸਮੱਸਿਆਵਾਂ ਵਾਲੇ ਲੋਕਾਂ ਦੀ ਸਹਾਇਤਾ ਲਈ ਮੁਫ਼ਤ ਕਾਨੂੰਨੀ ਸੇਵਾਵਾਂ।<br>ਫ਼ੋਨ 1300 792 387<br>ਔਨਲਾਈਨ legalaid.vic.gov.au |
| **ਵਿਕਟੋਰੀਆ ਦੀ ਆਦਿਵਾਸੀ ਕਾਨੂੰਨੀ ਸੇਵਾ** | ਵਿਕਟੋਰੀਆ ਦੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਵਿਤਕਰੇ ਸਮੇਤ ਕਈ ਕਾਨੂੰਨੀ ਮੁੱਦਿਆਂ ਬਾਰੇ ਮੁਫ਼ਤ ਕਾਨੂੰਨੀ ਜਾਣਕਾਰੀ।<br>ਫ਼ੋਨ 1800 064 865<br>ਔਨਲਾਈਨ vals.org.au |
| **ਜੌਬਵਾਚ** | ਵਿਤਕਰੇ ਸਮੇਤ ਰੁਜ਼ਗਾਰ ਅਧਿਕਾਰਾਂ ਨਾਲ ਸਬੰਧਤ ਮੁੱਦਿਆਂ ਬਾਰੇ ਮੁਫ਼ਤ ਕਾਨੂੰਨੀ ਜਾਣਕਾਰੀ ਅਤੇ ਸਹਾਇਤਾ।<br>ਫ਼ੋਨ (03) 9662 1933 (ਸ਼ਹਿਰ), 1800 331 617 (ਦਿਹਾਤੀ ਵਿਕਟੋਰੀਆ)<br>ਔਨਲਾਈਨ jobwatch.org.au |
| **ਫ਼ੇਅਰ ਵਰਕ ਕਮਿਸ਼ਨ** | ਕੰਮ ਵਾਲੀ ਥਾਂ ਵਿੱਚ ਧੱਕੇਸ਼ਾਹੀ ਸਮੇਤ ਕਾਨੂੰਨੀ ਮੁੱਦਿਆਂ ਬਾਰੇ ਸਲਾਹ ਦੇਣ ਲਈ ਮੁਫ਼ਤ ਕਾਨੂੰਨੀ ਸਹਾਇਤਾ ਪ੍ਰੋਗਰਾਮ।<br>ਫ਼ੋਨ 1300 799 675<br>ਔਨਲਾਈਨ www.fwc.gov.au |

ਵਧੇਰੇ ਜਾਣਕਾਰੀ ਲਈ, ਕਮਿਸ਼ਨ ਦੀ *ਗਾਈਡਲਾਈਨ: ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰਾ* ਡਾਉਨਲੋਡ ਕਰੋ ਜੋ ਕਿ humanrights.vic.gov.au/resources 'ਤੇ ਜਾਂ QR ਕੋਡ ਰਾਹੀਂ ਉਪਲਬਧ ਹੈ।

*ਇਹ ਜਾਣਕਾਰੀ ਸਿਰਫ ਇੱਕ ਗਾਈਡ ਦੇ ਰੂਪ ਵਿੱਚ ਹੈ। ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।*